
# ਡਾ.ਸਤਿੰਦਰ ਪਾਲ ਸਿੰਘ ਦੀ ਪੁਸਤਕ ਕ੍ਰੋਧ ਨਿਵਾਰਣ ਅੰਮ੍ਰਿਤ ਬਾਣੀ:ਮਾਰਗ ਦਰਸ਼ਕ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਡਾ. ਸਤਿੰਦਰ ਪਾਲ ਸਿੰਘ ਗੁਰਬਾਣੀ ਦੇ ਗਿਆਤਾ ਗੁਰਮੁੱਖ ਵਿਦਵਾਨ ਹਨ। ਉਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਹੀ ਮਾਨਵਤਾ ਨੂੰ ਗੁਰਬਾਣੀ ਅਨੁਸਾਰ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਇਸ ਮੰਤਵ ਲਈ ਉਹ ਗੁਰਬਾਣੀ ਦੀ ਵਿਆਖਿਆ ਕਰਕੇ ਮਾਨਵਤਾ ਨੂੰ ਵਿਕਾਰਾਂ ਤੋਂ ਖਹਿੜਾ ਛੁਡਾਉਣ ਦੀ ਤਾਕੀਦ ਕਰਦੇ ਹੋਏ ਗੁਰਮਤਿ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦੀ ਸਲਾਹ ਦਿੰਦੇ ਹਨ। ਵਿਚਾਰ ਅਧੀਨ ਪੁਸਤਕ 'ਕ੍ਰੋਧ ਨਿਵਾਰਣ ਅੰਮ੍ਰਿਤ ਬਾਣੀ' ਵਿੱਚ ਉਨ੍ਹਾਂ ਦੇ ਪੰਜ ਲੇਖ 'ਕ੍ਰੋਧ ਨਿਵਾਰਣ ਅੰਮ੍ਰਿਤ ਬਾਣੀ', 'ਆਤਮ ਪ੍ਰਬੋਧ ਦੀ ਅੰਮ੍ਰਿਤ ਬਾਣੀ', ' ਆਤਮ ਰੱਖਿਆ ਦੀ ਅੰਮ੍ਰਿਤ ਬਾਣੀ', 'ਆਤਮ ਆਨੰਦ ਦੀ ਅੰਮ੍ਰਿਤ ਬਾਣੀ' ਅਤੇ 'ਕ੍ਰੋਧ ਤੇ ਪ੍ਰੇਮ' ਹਨ। ਇਨ੍ਹਾਂ ਲੇਖਾਂ ਵਿੱਚ ਲੇਖਕ ਨੇ ਗੁਰਬਾਣੀ ਵਿੱਚੋਂ ਉਦਾਹਰਣਾ ਦੇ ਕੇ ਵਿਕਾਰਾਂ ਤੋਂ ਮੁਕਤੀ ਪਾਉਣ ਦਾ ਰਾਹ ਦੱਸਿਆ ਹੈ। ਮੁੱਖ ਤੌਰ 'ਤੇ ਉਨ੍ਹਾਂ ਦੱਸਿਆ ਹੈ ਕਿ ਜ਼ਿੰਦਗੀ ਨੂੰ ਗ਼ਲਤ ਰਸਤੇ ਪਾਉਣ ਵਿੱਚ ਪੰਜ ਵਿਕਾਰਾਂ ਦਾ ਯੋਗਦਾਨ ਹੁੰਦਾ ਹੈ। ਇਨ੍ਹਾਂ ਵਿਕਾਰਾਂ ਤੋਂ ਨਿਜਾਤ ਪਾਉਣ ਦਾ ਰਾਹ ਉਨ੍ਹਾਂ ਗੁਰਬਾਣੀ ਦੀ ਵਿਚਾਰਧਾਰਾ 'ਤੇ ਅਮਲ ਕਰਨਾ ਹੀ ਦੱਸਿਆ ਹੈ। ਇਸ ਪੁਸਤਕ ਵਿੱਚ ਪੰਜੇ ਲੇਖ ਇਕ ਦੂਜੇ ਤੇ ਨਿਰਭਰ ਹਨ। ਭਾਵ ਪਹਿਲੇ ਲੇਖ 'ਤੇ ਅਮਲ ਕਰਨ ਨਾਲ ਦੂਜੇ ਲੇਖ ਦੀ ਲੜੀ ਜੁੜਦੀ ਹੈ। ਕਹਿਣ ਤੋਂ ਭਾਵ ਪੰਜ ਵਿਕਾਰ ਹੀ ਮਾਨਵਤਾ ਨੂੰ ਗ਼ਲਤ ਰਸਤੇ ਪਾਉਣ ਲਈ ਪੁਆੜੇ ਦੀ ਜੜ੍ਹ ਹਨ। ਲਗਪਗ ਸਾਰੇ ਦਸ ਗੁਰੂ ਸਾਹਿਬਾਨ ਦੀ ਬਾਣੀ ਵਿੱਚੋਂ ਉਦਾਹਰਨਾ ਜੀਵਨ ਸਫਲ ਬਣਾਉਣ ਲਈ ਦਿੱਤੀਆਂ ਗਈਆਂ ਹਨ। ਪਹਿਲੇ ਲੇਖ 'ਕ੍ਰੋਧ ਨਿਵਾਰਣ ਅੰਮ੍ਰਿਤ ਬਾਣੀ' ਦੇ ਨਾਮ ਤੇ ਹੀ ਪੁਸਤਕ ਦਾ ਨਾਮ ਰੱਖਿਆ ਗਿਆ ਹੈ। ਪਹਿਲੇ ਲੇਖ ਵਿੱਚ ਲੇਖਕ ਨੇ ਦੱਸਿਆ ਹੈ ਕਿ ਪੰਜ ਵਿਕਾਰ, ਕਾਮੁ, ਕ੍ਰੋਧ, ਲੋਭੁ, ਮੋਹੁ ਅਤੇ ਹੰਕਾਰ ਹੀ ਇਨਸਾਨ ਦੇ ਸੁਖੀ ਜੀਵਨ ਨੂੰ ਕੁਰਾਹੇ ਪਾਉਂਦੇ ਹਨ। ਇਹ ਵਿਕਾਰ ਇਨਸਾਨ ਦੇ ਅੰਦਰ ਹੀ ਬੈਠੇ ਹਨ। ਇਸ ਲਈ ਗੁਰੂ ਸਾਹਿਬ ਨੇ ਇਨ੍ਹਾਂ ਬਾਰੇ ਕਿਹਾ ਹੈ-

ਇਸੁ ਦੇਹੀ ਅੰਦਿਰ ਪੰਚ ਚੋਰ ਕਾਮੁ ਕ੍ਰੋਧੁ, ਲੋਭੁ, ਮੋਹੁ ਅਹੰਕਾਰ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥

ਵੈਸੇ ਤਾਂ ਪੰਜੇ ਹੀ ਖ਼ਰਨਾਕ ਹਨ ਪ੍ਰੰਤੂ ਕ੍ਰੋਧ ਸਭ ਤੋਂ ਜ਼ਿਆਦਾ ਸੋਚ ਅਤੇ ਆਚਾਰ ਨੂੰ ਪ੍ਰਭਾਵਤ ਕਰਦਾ ਹੈ। ਇਨਸਾਨ ਆਪਣੇ ਆਪ ਨੂੰ ਖੱਬੀ ਖਾਨ ਸਮਝਦਾ ਹੋਇਆ, ਆਪਣੇ ਕੰਮਾ ਨੂੰ ਠੀਕ ਸਮਝਦਾ ਹੈ, ਜਿਸ ਕਰਕੇ ਦੁੱਖਾਂ ਵਿੱਚ ਗ੍ਰਸਿਆ ਰਹਿੰਦਾ ਹੈ। ਇੰਦ੍ਰੀਆਂ ਦੀ ਖੁਲ੍ਹ ਵਿਕਾਰਾਂ ਨੂੰ ਜਨਮ ਦਿੰਦੀ ਹੈ। ਕ੍ਰੋਧ ਤੋਂ ਹੀ ਹੰਕਾਰ ਪੈਦਾ ਹੁੰਦਾ ਹੈ। ਵਿਕਾਰ ਝੂਠੇ ਹਨ। ਵਿਕਾਰਾਂ ਤੇ ਮਾਇਆ ਦਾ ਰਾਜ ਹੈ, ਜਿਸ ਨੇ ਮਨੁੱਖ ਨੂੰ ਗਿਆਨ ਤੋਂ ਵਿਹੂਣਾ ਤੇ ਭਾਵਨਾ ਤੋਂ ਅੰਨ੍ਹਾ, ਬੋਲਾ ਕਰ ਦਿੱਤਾ ਹੈ। ਅਗਿਆਨ ਕਾਰਨ ਮਨੁੱਖ ਸੱਚ ਦੀ ਪਛਾਣ ਕਰਨ ਦੇ ਯੋਗ ਨਹੀਂ ਰਹਿੰਦਾ। ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਅੰਮ੍ਰਿਤ ਜ਼ਰੂਰੀ ਹੈ। ਗੁਰਬਾਣੀ ਵਿੱਚ ਅੰਮ੍ਰਿਤ ਗੁਰੂ ਦਾ ਬਖ਼ਸ਼ਿਆ ਹੋਇਆ ਗਿਆਨ ਹੈ। ਕਾਮੁ ਕ੍ਰੋਧ ਨਾਲ ਸਰੀਰਕ ਬਲ ਘਟਣ ਲੱਗ ਜਾਂਦਾ ਹੈ। ਬਾਣੀ ਹੀ ਅੰਮ੍ਰਿਤ ਹੈ, ਜਿਸ ਦੇ ਸਹਾਰੇ ਮਨੁੱਖ ਇਨ੍ਹਾਂ ਵਿਕਾਰਾਂ ਤੋਂ ਖਹਿੜਾ ਛੁਡਾ ਸਕਦਾ ਹੈ। ਕ੍ਰੋਧ ਚੰਡਾਲ ਦਾ ਰੂਪ ਹੈ, ਮਨੁੱਖ ਦਾ ਨਾਸ਼ ਕਰਦਾ ਹੈ, ਕਲਜੁਗ ਦੀਆਂ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ, ਮਨੁੱਖ ਨੂੰ ਬਾਂਦਰ ਬਿਰਤੀ ਵਾਲਾ ਬਣਾ ਦਿੰਦਾ ਹੈ, ਭਟਕਣ ਵਧਾ ਦਿੰਦਾ ਹੈ, ਭਲਾ-ਬੁਰਾ ਤੇ ਸੱਚ-ਝੂਠ ਦਾ ਅੰਤਰ ਪਤਾ ਨਹੀਂ ਲਗਦਾ ਪਛਤਾਵਾ ਪੱਲੇ ਪੈਂਦਾ ਹੈ। ਵਿਕਾਰਾਂ ਵਿੱਚ ਫਸਿਆ ਮਨੁਖ ਖੋਤੇ ਦੇ ਤੁਲ ਹੁੰਦਾ ਹੈ। ਗੁਰੂ ਸਾਹਿਬ ਨੇ ਮਾਨਵਤਾ ਨੂੰ ਸਾਧਾਰਨ ਢੰਗ ਨਾਲ ਵਿਕਾਰਾਂ ਬਾਰੇ ਖੇਤੀ, ਕਿਸਾਨੀ ਤੇ ਫਸਲਾਂ ਦੀਆਂ ਉਦਾਹਰਨਾ ਦੇ ਕੇ ਸਿੱਧੇ ਰਸਤੇ ਪਾਉਣ ਦਾ ਵੂਪਰਾਲਾ ਕੀਤਾ ਹੈ। ਪੰਜੇ ਚੋਰ ਕ੍ਰੋਧ ਕਰਕੇ ਉਤਪਨ ਹੁੰਦੇ ਹਨ। ਲੇਖਕ ਨੇ ਦੱਸਿਆ ਹੈ ਕਿ ਗੁਰਬਾਣੀ ਦੀ ਵਿਚਾਰਧਾਰਾ 'ਤੇ ਅਮਲ ਕਰਨ ਨਾਲ ਮਨੁੱਖ ਇਨ੍ਹਾਂ ਵਿਕਾਰਾਂ ਤੋਂ ਨਿਜਾਤ ਪਾ ਸਕਦਾ ਹੈ। ਦੂਜੇ ਲੇਖ 'ਆਤਮ ਪ੍ਰਬੋਧ ਦੀ ਅੰਮ੍ਰਿਤ ਬਾਣੀ' ਵਿੱਚ ਦਰਸਾਇਆ ਗਿਆ ਹੈ ਕਿ ਮਨੁੱਖ ਆਪਣੇ ਬਾਰੇ ਗ਼ਲਤ ਭਰਮ ਪਾਲ ਬਹਿੰਦਾ ਹੈ, ਜਿਸ ਕਰਕੇ ਉਹ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਅੰਮ੍ਰਿਤ ਬਾਣੀ ਹੀ ਇਸ ਭਰਮ ਤੋਂ ਖਹਿੜਾ ਛੁਡਾ ਸਕਦੀ ਹੈ। ਮੈਂ ਨੀਚ ਕਰਮਾ ਕਾਰਨ ਰੋ ਰਿਹਾ ਹਾਂ। ਅਸਲ ਵਿੱਚ ਕਰਮਾ ਨਹੀਂ ਸਗੋਂ ਕ੍ਰੋਧ ਇਨਸਾਨ ਨੂੰ ਪੁੱਠੇ ਰਸਤੇ ਪਾਉਂਦਾ ਹੈ। ਕ੍ਰੋਧ ਲੋਭ ਪੈਦਾ ਕਰਦਾ ਹੈ। ਲੋਭ ਵਿੱਚ ਮਨੁੱਖ ਠੱਗੀ ਮਾਰਦਾ ਹੈ। ਇਨਸਾਨ ਅੰਦਰੋਂ ਬਾਹਰੋਂ ਇਕਮਿਕ ਨਹੀਂ। ਦੋਹਰੀ ਜ਼ਿੰਦਗੀ ਜੀਅ ਰਿਹਾ ਹੈ, ਜਿਸ ਕਰਕੇ ਵਿਕਾਰ ਪੈਦਾ ਹੁੰਦੇ ਹਨ। ਜੇਕਰ ਸੁੱਖ ਪ੍ਰਾਪਤ ਕਰਨੇ ਹਨ ਤਾਂ ਆਪਣੀਆਂ ਗੱਲਾਂ ਤੇ ਕਰਮਾ ਦੇ ਫਰਕ ਨੂੰ ਦੋਖੀ ਮੰਨਕੇ ਦੂਰ ਕਰਨਾ ਚਾਹੀਦਾ ਹੈ। ਔਗਣ ਮਨੁੱਖ ਦੀ ਬੇੜੀ ਡੋਬ ਰਹੇ ਹਨ। ਮਨੁੱਖ ਆਪਣੇ ਆਪ ਨੂੰ ਖੇਤ ਦੇ ਰਾਖੇ ਦੀ ਤਰ੍ਹਾਂ ਸਮਝਣ ਲੱਗ ਜਾਂਦਾ ਹੈ। ਰਾਖਾ ਬਣਕੇ ਮਾਲਕ ਸਮਝਣ ਲੱਗ ਜਾਂਦਾ ਹੈ, ਜਿਸ ਕਰਕੇ ਦੁੱਖ ਪੈਦਾ ਹੁੰਦੇ ਹਨ। ਵਿਕਾਰ ਜ਼ਹਿਰ ਹਨ ਪ੍ਰੰਤੂ ਮਨੁੱਖ ਨੂੰ ਅੰਮ੍ਰਿਤ ਲੱਗਣ ਲੱਗ ਜਾਂਦੇ ਹਨ। ਇਸ ਕਰਕੇ ਮਨੁੱਖ ਗ਼ਲਤ ਰਸਤੇ ਪੈ ਜਾਂਦਾ ਹੈ। ਗਿਆਨ ਦਾ ਬੋਧ ਹੋਣਾ ਜ਼ਰੂਰੀ ਹੈ। ਸੱਚੀਆਂ ਸਿੱਖਿਆਵਾਂ ਤੇ ਅਮਲ ਕਰਨਾ ਚਾਹੀਦਾ ਹੈ। ਅਗਿਆਨਤਾ ਅਤੇ ਵਿਕਾਰਾਂ ਵਾਲਾ ਜੀਵਨ ਜ਼ਿੰਦਗੀ ਦੇ ਮਨੋਰਥ ਨੂੰ ਢਾਹ ਲਾਉਂਦਾ ਹੈ। ਵਿਕਾਰ ਮਨੁੱਖ ਨੂੰ ਸਾੜ ਦਿੰਦੇ ਹਨ ਅਤੇ ਵਿਕਾਰੀ ਮਨੁੱਖ ਪਾਪ ਕਰਨ ਦੇ ਮਾਹਿਰ ਬਣ ਜਾਂਦੇ ਹਨ। ਮਨੁੱਖ ਆਵਾਗਵਨ ਦੇ ਫੇਰ ਨੂੰ ਸੋਚ ਦੇ ਕੇਂਦਰ ਵਿੱਚ ਰੱਖ ਕੇ ਆਪਣੀ ਉਤਪਤੀ ਤੇ ਅੰਤਰ ਅਵਸਥਾ ਦਾ ਵੀਚਾਰ ਤੇ ਗਿਆਨ ਹੀ ਆਤਮਿਕ ਬੋਧ ਹੈ। ਤੀਜਾ ਲੇਖ 'ਆਤਮ ਰੱਖਿਆ ਦੀ ਅੰਮ੍ਰਿਤ ਬਾਣੀ' ਵਿੱਚ ਲੇਖਕ ਨੇ ਦੱਸਿਆ ਹੈ ਕਿ ਜਦੋਂ ਮਨੁੱਖ ਨੂੰ ਵਿਕਾਰਾਂ ਦਾ ਆਤਮ ਬੋਧ ਹੋ ਜਾਵੇ ਤਾਂ ਇਸ ਤੋਂ ਖਹਿੜਾ ਛੁਡਾਉਣ ਦੀ ਚਿੰਤਾ ਹੋ ਜਾਂਦੀ ਹੈ। ਵਿਕਾਰਾਂ ਤੋਂ ਦੂਰ ਜਾਣ ਲਈ ਪਰਮਾਤਮਾ ਦੀ ਮਿਹਰ ਜ਼ਰੂਰੀ ਹੈ। ਮਿਹਰ ਨਾਲ ਮਨ ਨਿਰਮਲ ਤੇ ਪਰਮਾਤਮਾ ਵਿੱਚ ਭਰੋਸਾ ਹੋ ਜਾਂਦਾ ਹੈ। ਸਚਾਈ ਨੂੰ ਸਵੀਕਾਰ ਕਰਨ ਨਾਲ ਵਿਕਾਰਾਂ ਦਾ ਨਾਸ ਹੁੰਦਾ ਹੈ, ਕ੍ਰੋਧ ਦੂਰ ਹੋ ਜਾਂਦਾ ਹੈ। ਪਰਮਾਤਮਾ ਨੂੰ ਸਮਰਪਤ ਕਰ ਦਿਓ। ਪਰਮਾਤਮਾ ਮਨ ਦੇ ਸਾਰੇ ਦੁੱਖਾਂ ਦਾ ਜਾਣੀ ਜਾਣ ਹੈ। ਆਪਣੇ ਆਪ ਨੂੰ ਘੋਰ ਪਾਪੀ ਸਮਝ ਪਰਮਾਤਮਾ ਦੇ ਲੜ ਲੱਗਣ ਨਾਲ ਉਸਦੀ ਮਿਹਰ ਹੋ ਜਾਵੇਗੀ। ਵਿਕਾਰਾਂ ਨੂੰ ਸਹੀ ਸਿੱਧ ਨਾ ਕਰੋ, ਅੰਮ੍ਰਿਤ ਦੀ ਥਾਂ ਬਿਖ ਦੀ ਚੋਣ ਕਰਨ ਦਾ ਪਛਤਾਵਾ ਕਰੋ, ਪੰਜਾਂ ਵਿਕਾਰਾਂ ਦਾ ਨਾਸ਼ ਪਰਮਾਤਮਾ ਹੀ ਕਰੇਗਾ। ਪਰਮਾਤਮਾ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ, ਪਰਮਾਤਮਾ ਦੇ ਨਾਲ ਲਿਵ ਲਾਈ ਰੱਖੋ, ਨਾਮ ਜਪਣ ਨਾਲ ਹੀ ਸਾਰੇ ਕਸ਼ਟ ਦੂਰ ਹੁੰਦੇ ਹਨ। ਚੌਥਾ ਲੇਖ 'ਆਤਮ ਆਨੰਦ ਦੀ ਅੰਮ੍ਰਿਤ ਬਾਣੀ' ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਪਰਮਾਤਮਾ ਦੀ ਕਿਰਪਾ ਨਾਲ ਹੀ ਪੰਜਾਂ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿਕਾਰਾਂ ਤੋਂ ਨਿਜਾਤ ਪਾ ਕੇ ਲੋਕ, ਪਰਲੋਕ ਵਿੱਚ ਸੱਚੀ ਸ਼ੋਭਾ ਬਣਦੀ ਹੈ। ਗੁਰਬਾਣੀ ਮਨ ਸ਼ੀਤਲ ਕਰ ਦਿੰਦੀ ਹੈ, ਫਿਰ ਜਨਮ-ਜਨਮ ਦੇ ਪਾਪਾਂ ਦਾ ਭਾਰ ਉਤਰ ਜਾਂਦਾ ਹੈ। ਵਿਕਾਰ ਆਪ ਹੀ ਡਰ ਕੇ ਭੱਜ ਜਾਂਦੇ ਹਨ। ਨਾਮ ਜਪਣ ਨਾਲ ਪੂਰੇ ਪਰਿਵਾਰ ਦਾ ਉਧਾਰ ਹੋ ਜਾਂਦਾ ਹੈ। ਵਾਹਿਗੁਰੂ ਸੱਚੇ ਪ੍ਰੇਮ ਦੇ ਕਾਬਲ ਬਣਾ ਦਿੰਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਪਰਮਾਤਮਾ ਦੀ ਭਗਤੀ ਵਿੱਚ ਰਸ ਆਉਣ ਲੱਗ ਜਾਂਦਾ ਹੈ। ਹਰ ਥਾਂ ਪਰਮਾਤਮਾ ਸਹਾਈ ਹੁੰਦਾ ਹੈ। ਆਖ਼ਰੀ ਤੇ ਪੰਜਵਾਂ ਲੇਖ 'ਕ੍ਰੋਧ ਤੇ ਪ੍ਰੇਮ 'ਹੈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਪ੍ਰੇਮ ਨਾਲ ਸ਼ੰਕਾ ਤੇ ਦੁਵਿਧਾ ਖ਼ਤਮ ਹੋ ਜਾਂਦੀ ਹੈ। ਹਮੇਸ਼ਾ ਪਰਮਾਤਮਾ ਨਾਲ ਲਿਵ ਲੱਗੀ ਰਹਿੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਨਾਮ ਨੂੰ ਔਖਧ ਜਾਂ ਦਵਾਈ ਕਿਹਾ ਹੈ। 'ਕ੍ਰੋਧ ਨਿਵਾਰਣ ਅੰਮ੍ਰਿਤ ਬਾਣੀ' ਦਾ ਆਧਾਰ ਹੈ। ਪ੍ਰੇਮ ਦੀ ਪ੍ਰਾਪਤੀ ਲਈ ਸਾਰੇ ਵਿਕਾਰਾਂ ਨੂੰ ਤਿਲਾਂਜਲੀ ਦਿੱਤੀ ਜਾਵੇ। ਫਿਰ ਸੁੱਖ ਆਨੰਦ ਤੇ ਪ੍ਰੇਮ ਦੀ ਪ੍ਰਾਪਤੀ ਅਵੱਸ਼ ਹੋ ਜਾਂਦੀ ਹੈ।

96 ਪੰਨਿਆਂ, 200 ਰੁਪਏ ਭੇਟਾ ਵਾਲੀ ਇਹ 'ਕ੍ਰੋਧ ਨਿਵਾਰਣ ਅੰਮ੍ਰਿਤ ਬਾਣੀ' ਪੁਸਤਕ ਭਾ.ਚਤਰ ਸਿੰਘ ਜੀਵਨ ਸਿੰਘ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।

## ਵੇਸਵਾਗਮਨੀ ਸਹੀ ਜਾਂ ਗਲਤ ?

ਵਰਲਡ ਪੰਜਾਬੀ ਟਾਈਮਜ਼
ਲਵਨੀਤ ਸਿੰਘ ਸੂਈ

ਹਰ ਇਕ ਇਨਸਾਨ ਆਪਣੇ ਜ਼ਿੰਦਗੀ ਦੇ ਅਨਿਸ਼ਚਿਤ ਸੰਭਾਵਨਾਵਾਂ ਦੇ ਦਾਇਰੇ ਵਿਚ ਹੀ ਆਪਣੀ ਜ਼ਿੰਦਗੀ ਨੂੰ ਜਿਉਂਦਾ ਹੈ। ਹਰ ਇਕ ਇਨਸਾਨ ਲਈ ਜ਼ਿੰਦਗੀ ਇਕੋ ਤਰੀਕੇ ਨਾਲ ਕੰਮ ਨਹੀਂ ਕਰਦੀ, ਹਰੇਕ ਇਨਸਾਨ ਅਲਗ, ਉਹਦੇ ਹਾਲਾਤ ਅਲਗ, ਉਹਦੀ ਸੋਚਣੀ ਅਲਗ ਤੇ ਉਹਦਾ ਰਹਿਣਾ ਸਹਿਣਾ ਅਲਗ ਹੈ। ਇਹ ਮਨੁੱਖ ਦੀ ਇਕ ਦਿਮਾਗੀ ਧਾਰਨਾ ਹੀ ਬਣ ਚੁੱਕੀ ਹੈ ਕੇ ਉਹ ਉਸ ਇਨਸਾਨ ਦੀ ਇਜ਼ਤ ਘੱਟ ਕਰੇਗਾ ਜੌ ਉਸਤੋਂ ਵੱਖਰਾ ਹੈ ਅਤੇ ਉਸਦੀ ਸੋਚਣੀ ਸਮਝਣੀ ਤੋਂ ਬਾਹਰ ਦਾ ਹੈ। ਏਦਾ ਦਾ ਹੀ ਸਾਰਾ ਕੁਝ " ਵੇਸਵਾ " ਨਾਲ ਕੀਤਾ ਜਾਂਦਾ ਹੈ। ਜੇ ਆਪਾ ਸਮੇਂ ਵਿਚ ਪਿੱਛੇ ਨੂੰ ਦੇਖੀਏ ਤਾਂ ਸਭ ਨਾਲੋ ਪਹਿਲਾ ਕੰਮ ਯਾ ਧੰਦਾ ( ਧੰਦੇ ਤੋਂ ਭਾਵ ਜਿਸ ਕੰਮ ਕਰਨ ਦੇ ਬਦਲੇ ਪੈਸੇ ਦਿੱਤੇ ਜਾਂਦੇ ਹੋਣ ਯਾ ਜੀਹਨਾਂ ਚੀਜ਼ਾ ਨਾਲ ਨਿਰਵਾਹ ਕੀਤਾ ਜਾ ਸਕੇ ਉਹ ਚੀਜ਼ਾ ) ਵੇਸਵਾਗਮਨੀ ਦਾ ਸੀ। ਔਰਤਾਂ ਜੋ ਘਰੋਂ ਬੇਘਰ ਹੁੰਦੀਆ ਉਹਨਾ ਨੂੰ ਇਸ ਧੰਦੇ ਉਪਰ ਲਾਇਆ ਜਾਂਦਾ। ਮੋਟੇ ਤੌਰ ਤੇ ਔਰਤਾਂ ਨੂੰ ਉਧਾਲ ਲਿਆ ਜਾਂਦਾ ਸੀ ਤੇ ਫੇਰ ਉਹ ਵਰਗ ਇਸ ਧੰਦੇ ਵਿੱਚ ਆਉਂਦਾ।ਹੁਣ ਏਥੇ ਇਕ ਸੋਚਣ ਵਾਲੀ ਗੱਲ ਹੈ ਕਿ ਆਪਾ ਇਸ " ਕੰਮ " ਨੂੰ " ਕੰਮ " ਕਿਉਂ ਨਹੀਂ ਕਹਿੰਦੇ " ਧੰਦਾ " ਕਿਉਂ ਕਹਿੰਦੇ ਹਾਂ ? ਕੀ ਇਹ ਕੰਮ ਕੋਈ ਅਲਗ ਤਰ੍ਹਾਂ ਦਾ ਕੰਮ ਹੈ ? ਇਹਵੀ ਤਾਂ ਓਸੇ ਤਰ੍ਹਾਂ ਦਾ ਹੀ ਕੰਮ ਹੈ ਜਿਵੇਂ ਦੇ ਆਪਣੇ ਆਲੇ ਦੁਆਲੇ ਲੋਕ ਆਪਣੇ ਜ਼ਿੰਦਗੀ ਨੂੰ ਜਿਉਣ ਵਾਸਤੇ ਕਰਦੇ ਹਨ। ਫ਼ੇਰ ਆਪਾ ਕਿਉਂ ਇਸ " ਕੰਮ " ਨੂੰ ਇਕ ਘ੍ਰਿਣਾ ਭਰੀ ਨਿਗ੍ਹਾ ਨਾਲ ਦੇਖਦੇ ਹਾਂ ? ਜੇ ਸੋਚੀਏ ਤਾਂ ਆਪਾ ਇਹ ਕਹਿ ਸਕਦੇ ਆ ਕੇ ਸਾਡੇ ਤਾਂ ਪੁਰਖਿਆ ਨੇ ਇਸ ਕੰਮ ਨੂੰ ਮਾੜਾ ਕਿਹਾ ਤੇ ਅਸੀਂ ਵੀ ਮਾੜਾ ਹੀ ਕਹਿ ਰਹੇ ਹਾਂ। ਠੀਕ ਹੈ, ਇਸ ਗਲ ਨੂੰ ਨੈਤਿਕਤਾ ( morality ) ਨਾਲ ਜੋੜੀਏ ਤਾਂ ਕਿਤੇ ਨਾ ਕਿਤੇ ਆਪਣੇ ਦਿਮਾਗ ਵਿਚ ਆ ਸਕਦਾ ਹੈ ਇਹ ਕੰਮ ਚੰਗਾ ਨਹੀਂ ਹੈ। ਪਰ ਫੇਰ ਜੇ ਉਹਨਾ ਪੂਰਵਜਾਂ ਵਾਰੇ ਸੋਚੀਏ ਤਾਂ ਕੀ ਪਤਾ ਉਹਵੀ ਆਪਣੀ ਮਨ ਵਿਚ ਉਠੀ ਕਾਮ ਵਾਸਨਾ ਦੀ ਅੱਗ ਨੂੰ ਬੁਝਾਉਣ ਵਾਸਤੇ ਵੇਸਵਾ ਕੋਲ ਜਾਂਦੇ ਹੋਣ। ਫੇਰ ਕਿਵੇਂ ਕਹਿ ਸਕਦੇ ਆ ਕੇ ਉਹ ਚੰਗੇ ਸੀ? ਜੋ ਇਸ ਕੰਮ ਨੂੰ ਮਾੜਾ ਆਖ ਗਏ ਤੇ ਅਸੀਂ ਵੀ ਮਾੜਾ ਹੀ ਕਹਿ ਰਹੇ ਆ। ਉਹ ਵਰਗ ਨੈਤਿਕਤਾ ਦੇ ਪੱਖੋਂ ਵੀ ਤੇ ਸਮਾਜਿਕ ਦਾਇਰੇ ਪੱਖੋ ਵੀ ਗ਼ਲਤ ਹੈ।ਵੇਸਵਾ ਬਣਨਾ ਕੋਈ ਆਪ ਨਹੀਂ ਚੁਣਦਾ, ਉਹਦੇ ਹਾਲਤ ਉਹਦੀ ਜ਼ਿੰਦਗੀ ਉਹਨੂੰ ਉਸ ਰਾਹ ਵੱਲ ਤੋਰਦੀ ਹੈ। ਜੇ ਆਪਾ ਇਸ ਗਲ ਦਾ ਨਿਖੇੜਾ ਕਰਨਾ ਹੋਵੇ ਕੇ ਵੇਸਵਾ ਹੋਣਾ ਗ਼ਲਤ ਹੈ ਕੇ ਸਹੀ ਹੈ, ਇਹ ਹੋ ਸਕਦਾ ਹੈ। ਪਰ ਜੇ ਅਸੀਂ ਕਹੀਏ ਕੇ ਵੇਸਵਾਗਮਨੀ ਪੂਰਨ ਤੌਰ ਤੇ ਹੀ ਸਹੀ ਨਹੀਂ ਹੈ, ਤਾਂ ਇਹ ਇਕ ਤਰਫ਼ਾ ਬਿਆਨ ਹੋ ਗਿਆ। ਹੁਣ ਗਲ ਨਿਖੇੜਾ ਕਰਨ ਦੀ ਤਾਂ ਜਿਸ ਔਰਤ ਨੂੰ ਧੱਕੇ ਨਾਲ, ਉਹਨੂੰ ਮਜਬੂਰ ਕਰਕੇ ਇਸ ਕੰਮ ਵਿੱਚ ਧੱਕਿਆ ਜਾਂਦਾ ਹੈ ਉਹ ਚੀਜ਼ ਨਿੰਦਾ ਕਰਨ ਦੇ ਦਾਇਰੇ ਵਿਚ ਆ ਖਲੋਂਦੀ ਹੈ। ਪਰ ਜੇ ਕੋਈ ਵੀ ਆਪਣੀ ਮਰਜ਼ੀ ਨਾਲ ਇਸ ਕੰਮ ਵਿੱਚ ਆਉਂਦਾ ਹੈ, ਉਸਨੂੰ ਕੋਈ ਵੀ ਮਜ਼ਬੂਰ ਨਹੀਂ ਕਰ ਰਿਹਾ ਤੇ ਕਿਸੇ ਕਿਸਮ ਦੀ ਜੀਵਨ ਨਿਰਵਾਹ ਦੀ ਵੀ ਮਜ਼ਬੂਰੀ ਨਹੀਂ ਹੈ ਤਾਂ ਉਹ ਨਿੰਦਾ ਦੇ ਦਾਇਰੇ ਵਿਚ ਨਹੀਂ ਆਉਂਦਾ। ਹੁਣ ਇਹ ਗੱਲ ਵੱਖ ਹੈ ਕੇ ਹਰੇਕ ਵਿਅਕਤੀ ਲਈ ਮਜ਼ਬੂਰੀ ਦੇ ਦਾਇਰੇ ਅਲਗ ਅਲਗ ਹਨ।ਵੇਸਵਾਗਮਨੀ ਨੂੰ ਜੇ ਅਸੀਂ " ਸਬਾਲਟਰਨ ਪਰਿਪੇਖ " ਨਾਲ ਜੋੜੀਏ ਤਾਂ ਉੱਥੇ ਇਕ ਸ਼ਬਦ " ਏਜੰਸੀ " ਬਹੁਤ ਸੁਣਨ ਨੂੰ ਮਿਲਦਾ ਹੈ। ਇਸ ਸ਼ਬਦ ਨੂੰ ਸਰਲ ਅਰਥਾਂ ਵਿਚ ਦੱਸਣਾ ਹੋਵੇ ਤਾਂ ਇਹ ਕਹਿ ਸਕਦੇ ਆ ਕਿ " ਜਦੋਂ ਕਿਸੇ ਮਨੁੱਖ ਕੋਲ ਆਪਣੀ ਗਲ ਦੱਸਣ ਦੀ ਖੁੱਲ ਤੇ ਅਧਿਕਾਰ ਹੋਵੇ " ਉਸਨੂੰ ਚੀਜ਼ ਨੂੰ ਏਜੰਸੀ ਕਿਹਾ ਜਾਂਦਾ ਹੈ। ਹੁਣ ਜੌ ਵੇਸਵਾਗਮਨੀ ਦਾ ਕੰਮ ਕਰਦੇ ਹਨ ਜੇ ਉਹਨਾ ਕੋਲ ਏਜੰਸੀ ਨਹੀਂ ਹੈ ਤਾਂ ਉਹ " ਸਬਾਲਟਰਨ " ਦੇ ਘੇਰੇ ਵਿਚ ਆਉਣਗੇ ਅਤੇ ਸਬਾਲਟਰਨ ਨੂੰ ਹਮੇਸ਼ਾ ਉਪਰ ਦਰਜ਼ੇ ਦੇ ਬੰਦੇ ਦੀ ਦਾਬ ਝੱਲਣੀ ਹੀ ਪੈਂਦੀ ਹੈ। ਜੇ ਦਾਬ ਨਹੀਂ ਝਲਦਾ ਤਾਂ ਉਸਨੂੰ ਪ੍ਰਿਤਾੜਿਤ ਕੀਤਾ ਜਾਂਦਾ ਹੈ। ਦਾਬ ਵੀ ਉਹਨਾਂ ਨੂੰ ਇਕ ਔਰਤ ਦੀ ਹੀ ਝੱਲਣੀ ਪੈਂਦੀ ਹੈ ਕਿਉਂਕਿ ਮੋਟੇ ਤੌਰ ਤੇ " ਰੈੱਡ ਲਾਈਟ " ਏਰੀਏ ਨੂੰ ਔਰਤਾਂ ਹੀ ਚਲਾਉਂਦੀਆਂ ਹਨ। ਭਾਰਤ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਮਸ਼ਹੂਰ ਰੈੱਡ-ਲਾਈਟ ਜ਼ਿਲ੍ਹੇ ਕੋਲਕਾਤਾ ਵਿੱਚ ਸੋਨਾਗਾਚੀ, ਬੰਗਲੌਰ ਵਿੱਚ ਮੈਜੇਸਟਿਕ, ਗਵਾਲੀਅਰ ਵਿੱਚ ਰੇਸ਼ਮਪੁਰਾ, ਕਾਮਾਠੀਪੁਰਾ, ਮੁੰਬਈ ਵਿੱਚ ਸੋਨਾਪੁਰ ਅਤੇ ਨਵੀਂ ਦਿੱਲੀ ਵਿੱਚ ਜੀਬੀ ਰੋਡ ਹਨ, ਜੋ ਹਜ਼ਾਰਾਂ ਸੈਕਸ ਵਰਕਰਾਂ ਦੀ ਮੇਜ਼ਬਾਨੀ ਕਰਦੇ ਹਨ। ਕੋਲਕਾਤਾ ਦੇ ਸੋਨਾਗਾਚੀ ਵਿਚ ਅੱਜ ਦੇ ਸਮੇਂ ਵਿਚ 16 ਹਜ਼ਾਰ ਵੇਸਵਾ ਇਸ ਕਿੱਤੇ ਨਾਲ ਜੁੜੀਆਂ ਹੋਈਆਂ ਹਨ।ਜਸਟਿਸ ਐਲ. ਨਾਗੇਸ਼ਵਰ ਰਾਓ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਕਿ ਸੈਕਸ ਵਰਕਰ ( ਵੇਸਵਾ ) ਭਾਰਤੀ ਸੰਵਿਧਾਨ ਦੇ ਅਨੁਛੇਦ 21 ਦੇ ਤਹਿਤ ਗਾਰੰਟੀ ਦੇ ਬਰਾਬਰ ਸਨਮਾਨ ਦੀ ਜ਼ਿੰਦਗੀ ਦੇ ਹੱਕਦਾਰ ਹਨ। ਪੁਲਿਸ ਦੇ ਸੈਕਸ ਵਰਕਰਾਂ ਨਾਲ "ਬੇਰਹਿਮੀ ਅਤੇ ਹਿੰਸਕ" ਤਰੀਕੇ ਨਾਲ ਪੇਸ਼ ਆਉਣ 'ਤੇ ਚਿੰਤਾ ਜ਼ਾਹਰ ਕਰਦੇ ਹੋਏ, ਅਦਾਲਤ ਨੇ ਕਿਹਾ ਕਿ ਇਹ ਇਸ ਤਰ੍ਹਾਂ ਹੈ ਜਿਵੇਂ ਸੈਕਸ ਵਰਕਰ "ਇੱਕ ਅਜਿਹਾ ਵਰਗ ਹੈ ਜਿਸ ਦੇ ਅਧਿਕਾਰਾਂ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ ਹੈ । ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸੈਕਸ ਵਰਕਰਾਂ ਦੇ ਅਧਿਕਾਰਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਜੋ ਸਾਰੇ ਨਾਗਰਿਕਾਂ ਲਈ ਸੰਵਿਧਾਨ ਵਿੱਚ ਗਰੰਟੀਸ਼ੁਦਾ ਸਾਰੇ ਬੁਨਿਆਦੀ ਮਨੁੱਖੀ ਅਧਿਕਾਰਾਂ ਅਤੇ ਹੋਰ ਅਧਿਕਾਰਾਂ ਦਾ ਵੀ ਆਨੰਦ ਲੈਂਦੇ ਹਨ। ਇਕ ਵੇਸਵਾ ਉਹ ਜੌ ਵੇਸਵਾਗਮਨੀ ਵਿਚ ਮਰਜ਼ੀ ਨਾਲ ਆਈ ਹੈ ਇਕ ਉਹ ਜਿਸ ਨੂੰ ਧੱਕੇ ਨਾਲ ਵੇਸਵਾਗਮਨੀ ਵਿਚ ਧਕਿਆ ਗਿਆ। ਦੋਹਾਂ ਨਾਲ ਗਲ ਕਰਦੇ ਹੋਏ ਇਕ ਚੀਜ਼ ਜੌ ਮਿਲਦੀ ਜੁਲਦੀ ਸੀ ਉਹ ਸੀ ਉਹਨਾ ਦੀ ਮਾੜੀ ਹਾਲਤ ਦਿਮਾਗੀ ਤੌਰ ਉਪਰ ਕਿਉਂਕਿ ਚਾਹੇ ਉਹ ਇਸ ਕਿੱਤੇ ਚ ਮਰਜ਼ੀ ਨਾਲ ਹੈ ਚਾਹੇ ਧੱਕੇ ਨਾਲ ਪਰ ਇੱਜ਼ਤ ਉਸਨੂੰ ਕਿਸੇ ਵੀ ਹਾਲਤ ਚ ਨਹੀਂ ਮਿਲਦੀ। ਉਹਨਾ ਨਾਲ ਗਲ ਕਰਦੇ ਹੋਏ ਅੰਤਰ ਆਤਮਾ ਦੇ ਵਿੱਚੋ ਇਕ ਐਸੀ ਮਨ ਨੂੰ ਉਦਾਸ ਕਰਨ ਵਾਲੀ ਭਾਵਨਾ ਨਿਕਲਦੀ ਹੈ ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ।ਅਖੀਰ ਜਿਸ ਢਾਂਚੇ ਦੇ ਹਿਸਾਬ ਨਾਲ ਆਪਾ ਸਾਰੀ ਭਾਰਤ ਦੇ ਵਾਸੀ ਚਲਦੇ ਆ ਸੰਵਿਧਾਨ। ਸੰਵਿਧਾਨ ਵਿੱਚ ਕਿਹਾ ਗਿਆ ਹੈ ਕੇ ਵੇਸਵਾਗਮਨੀ ਦਾ ਕਿੱਤਾ/ ਕੰਮ ਕਰਨਾ ਕੋਈ ਗਲਤ ਗਲ ਨਹੀਂ ਹੈ। ਸ਼ਰਤ ਇਹ ਹੈ ਕਿ ਉਸਨੂੰ ਧੱਕੇ ਨਾਲ ਇਹ ਕੰਮ ਨਾ ਕਰਾਇਆ ਜਾ ਰਿਹਾ ਹੋਵੇ ਅਤੇ ਉਸਦੀ ਆਪਣੀ ਮਰਜ਼ੀ ਤੇ ਏਜੰਸੀ ਹੋਣੀ ਚਾਹੀਦੀ ਹੈ ਕੇ ਉਸਨੇ ਕਿਸੇ ਨਾਲ ਸੈਕਸ ਕਰਨਾ ਹੈ ਤੇ ਕਿਸੇ ਨਾਲ ਨਹੀਂ। ਪਰ ਜੇ ਉਸੇ ਔਰਤ ਨੂੰ ਧੱਕੇ ਨਾਲ ਜ਼ਬਰਦਸਤੀ ਏਸ ਕੰਮ ਵਿਚ ਧੱਕਿਆ ਜਾਂਦਾ ਹੈ ਤਾਂ ਇਹ ਗਲਤ ਹੈ, ਕਿਉਂਕਿ ਉਸ ਕੋਲੋ ਉਸਦੀ ਏਜੰਸੀ ਖੋਹੀ ਜਾਂਦੀ ਹੈ ਤੇ ਕਿਸੇ ਦੀ ਏਜੰਸੀ ਖੋਹਣ ਦਾ ਹੱਕ ਕਿਸੇ ਵੀ ਇਨਸਾਨ ਕੋਲ ਨਹੀਂ ਹੈ। ਜਦੋਂ ਕਿ ਕੁਝ ਮੰਨਦੇ ਹਨ ਕਿ ਇਸ ਨੂੰ ਕਾਨੂੰਨੀ ਪ੍ਰਵਾਨਗੀ ਦੇਣ ਅਤੇ ਇਸ 'ਤੇ ਪਾਬੰਦੀਆਂ ਨੂੰ ਹਟਾਉਣ ਨਾਲ ਕਮਜ਼ੋਰ ਔਰਤਾਂ ਅਤੇ ਬੱਚਿਆਂ ਦੇ ਸ਼ੋਸ਼ਣ ਲਈ ਹੜ੍ਹ ਦੇ ਦਰਵਾਜ਼ੇ ਖੁੱਲ੍ਹ ਜਾਣਗੇ, ਦੂਸਰੇ ਦਲੀਲ ਦਿੰਦੇ ਹਨ ਕਿ ਸੈਕਸ ਵਪਾਰ ਨੂੰ ਕਾਨੂੰਨੀ ਬਣਾਉਣ ਨਾਲ ਸੈਕਸ ਵਰਕਰਾਂ ਨੂੰ ਸਨਮਾਨ ਅਤੇ ਮਨੁੱਖੀ ਅਧਿਕਾਰ ਮਿਲੇਗਾ। ਵੇਸਵਾਗਮਨੀ ਵਾਸਤੇ ਕੁੜੀਆਂ ਨੂੰ ਉਧਾਲਣਾ, sex trafficking ਕਰਨਾ ਇਹ ਸਭ ਗਲਤ ਹੈ ਅਤੇ ਇਸ ਵਾਸਤੇ ਆਪਣੇ ਭਾਰਤੀ ਸੰਵਿਧਾਨ ਵਿੱਚ ਸਜਾ ਵੀ ਨਿਸ਼ਚਿਤ ਕੀਤੀ ਗਈ ਹੈ। ਹੁਣ ਇਹ ਬਹੁਤ ਵੱਡੀ ਬਹਿਸ ਹੈ ਕਿ ਕੀ ਵੇਸਵਾਗਮਨੀ ਸਹੀ ਹੈ ਕਿ ਗਲਤ ? ਜਾਂ ਵੇਸਵਾਗਮਨੀ ਮਜ਼ਬੂਰੀ ਹੈ ਔਰਤਾਂ ਦੀ ਕੇ ਸਿਰਫ਼ ਇਕ ਕਿੱਤਾ ਹੈ ? ਪਰ ਮੈ ਨਿਜੀ ਤੌਰ ਉੱਤੇ ਇਸ ਕੰਮ ਨੂੰ ਸਹੀ ਮੰਨਦਾ ਹਾਂ ਕਿਉਂਕਿ ਇਹ ਕੰਮ ਵੀ ਕਿਸੇ ਦਾ ਪੇਟ ਪਾਲਦਾ ਹੋਏਗਾ, ਏਹਵੀ ਆਮ ਹੋਰ ਕੰਮ ਵਾਂਗ ਹੀ ਕੰਮ ਹੈ, ਬੱਸ ਇਸ ਕੰਮ ਦੀ ਤਸਵੀਰ ਸਮਾਜ ਨੇ ਗਲਤ ਬਣਾਈ ਹੋਈ ਹੈ। ਕੁਝ ਉਸਤੋਂ ਵੀ ਗਲਤ ਤਸਵੀਰ ਉਹਨਾ ਦੀ ਬਣਾਈ ਹੋਈ ਹੈ ਜਿਹੜੇ ਇਸ ਕਿੱਤੇ ਨਾਲ ਜੁੜੇ ਹੋਏ ਹਨ। ਆਪਾ ਇਸ ਕਿੱਤੇ ਨੂੰ ਨੈਤਿਕਤਾ morality ਨਾਲ ਨਾ ਜੋੜੀਏ ਸਿਰਫ਼ ਇਕ ਕਿੱਤੇ ਵੱਜੋ ਦੇਖੀਏ। ਤਾਹੀਓ ਆਪਣੀ ਸੋਚ ਵਿਚ ਇਸ ਕਿੱਤੇ ਪ੍ਰਤੀ ਬਦਲਣੀ ਸ਼ੁਰੂ ਹੋਵੇਗੀ।

## ਮੌਤ ਤੋਂ ਪਹਿਲਾਂ



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਕਾਲ ਲਵੇਗਾ ਬੰਨ੍ਹ,
ਮੈਂ 'ਅਸਲੀ ਘਰ' ਜਾਵਾਂਗਾ।
ਜੀਵਨ ਦੀ ਹਰ ਰਾਸ,
ਨਾਂ ਓਹਦੇ ਕਰ ਜਾਵਾਂਗਾ।
ਰੱਖਣਾ ਨਹੀਂ ਕੁਝ ਕੋਲ,
ਸਭ ਏਥੇ ਧਰ ਜਾਵਾਂਗਾ।
ਦੁਨੀਆਂ ਵਿੱਚ ਸਾਂ ਖਾਲੀ,
ਅੰਤ ਨੂੰ ਭਰ ਜਾਵਾਂਗਾ।
ਪੱਕਾ ਕੌਲ-ਕਰਾਰ,
ਨਹੀਂ ਮੁਕਰ ਜਾਵਾਂਗਾ।
ਜਿੱਤ ਲਵਾਂਗਾ ਬਾਜ਼ੀ,
ਨਹੀਂ ਮੈਂ ਹਰ ਜਾਵਾਂਗਾ।
ਲੈ ਕੇ ਨਾਨਕ ਨਾਮ,
ਭਵਸਾਗਰ ਤਰ ਜਾਵਾਂਗਾ।

ਮੌਤ ਤੋਂ ਪਹਿਲਾਂ ਕਦੇ ਨਹੀਂ,
ਮੈਂ ਡਰ ਜਾਵਾਂਗਾ।
ਆਏਗੀ ਜਦ ਮੌਤ,
ਮੈਂ ਹੱਸ ਕੇ ਮਰ ਜਾਵਾਂਗਾ।
ਗਿਲੇ-ਸ਼ਿਕਵੇ ਸਭ ਦੇ,
ਸਾਰੇ ਹੀ ਜਰ ਜਾਵਾਂਗਾ।

## ਖੁਦ




ਵਰਲਡ ਪੰਜਾਬੀ ਟਾਈਮਜ਼
ਬਲਜਿੰਦਰ ਕੌਰ ਸ਼ੇਰਗਿੱਲ

ਖੁਦ ਦੀ ਖੁਦ ਨਾਲ ਹੋਈ ਗੱਲਬਾਤ,
ਖੁਦਾ ਨੇ ਮੈਨੂੰ ਕੋਈ ਬਖ਼ਸ਼ੀ ਹੈ ਦਾਤ ।
ਲਿਖ ਰਹੀ ਹਾਂ ਖੁਦ ਦੇ ਖ਼ਿਆਲਾਤ,
ਮੁਹਬੱਤਾਂ ਦੇ ਨਗ਼ਮੇ ਗਾ ਰਹੀ ਦਿਨ ਰਾਤ।
ਇੱਕ ਦਿਨ ਮੁੱਕ ਜਾਣੇ ਇਹ ਸਾਰੇ ਜਜ਼ਬਾਤ,
ਜਿਸ ਦੀ ਗਹਿਰਾਈ ਤੇ ਨਾ ਮਾਰੇ ਕੋਈ ਝਾਤ।
ਇਸ਼ਕੇ ਦੇ ਗ਼ਮਾਂ 'ਚ ਸੱਜ ਜਾਣੀ ਬਰਾਤ,
ਜੋ ਹਰ ਵੇਲੇ ਹੰਝੂਆਂ ਦੀ ਲਾ ਰਹੀ ਬਰਸਾਤ।
"ਬਲਜਿੰਦਰ" ਮਿਲੇਗੀ ਬੇਸ਼ਕੀਮਤੀ ਸੌਗਾਤ,
ਰੂਹ ਨੂੰ ਠਾਰੇ ਗੀ ਜਦ ਅੰਬਰੀਂ ਪ੍ਰਭਾਤ ।


## ਕੰਧ ਰੋ ਪਈ



ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਠੰਢਾ ਪੋਹ ਦਾ ਮਹੀਨਾ,ਵਗੇ ਠੰਢੀ ਠੰਢੀ ਪੌਣ,
ਕੈਦ ਕੀਤੀ ਬੁੱਢੀ ਮਾਤਾ, ਨਾਲ਼ ਬੱਚੇ ਛੋਟੇ ਕੌਣ,
ਕਿਹਨੇ ਕਹਿਰ ਕਮਾਇਆ , ਰਤਾ ਤਰਸ ਨਾ ਆਇਆ
ਪੁੱਛੇ ਗੰਗੂ ਨੂੰ ਸਵਾਲ,ਹਰ ਕੋਈ
ਧਾਹਾਂ ਮਾਰ ਕੰਧ ਰੋ ਪਈ,
ਜੋੜੀ ਲਾਲਾਂ ਜਾ ਨੀਂਹਾਂ ਚ ਖਲੋਈ,
ਨਾਜ਼ੁਕ ਸਰੀਰ ਜਿਵੇਂ ਕੋਮਲ ਨੇ ਫ਼ੁੱਲਾਂ ਤੋਂ,
ਚੜ੍ਹਦੀ ਕਲਾ ਦੇ ਬੋਲ ਗੂੰਜਦੇ ਨੇ ਬੁੱਲ੍ਹਾਂ ਤੋਂ,
ਫੈਲੀ ਚਾਰੇ ਪਾਸੇ ਚੁੱਪ, ਰੱਬ ਡਾਢਾ ਰੱਖੇ ਸੁੱਖ,
ਲੱਗੇ ਨਜ਼ਰ ਨਾ ਹੋਜੇ ਅਣਹੋਈ,
ਭੁੱਬਾਂ ਮਾਰ ਕੰਧ ਰੋ ਪਈ,
ਜੋੜੀ ਲਾਲਾਂ ਦੀ ਜਾ ਨੀਂਹਾਂ ਚ ਖਲੋਈ
ਲਾਲਚ ਤੇ ਲਾਲਚ, ਡਰਾਵੇ ਦਿੱਤੇ ਵੱਖ ਨੇ
ਫਤਵੇ ਤੇ ਫਤਵਾ ਤਸੀਹੇ ਦਿੱਤੇ ਲੱਖ ਨੇ,
ਤਾਂ ਵੀ ਸਿਦਕੋਂ ਨਾ ਹਾਰੇ, ਮੁੱਖੋਂ ਗੂੰਜਦੇ ਜੈਕਾਰੇ
ਤੱਕ ਜ਼ੁਲਮਾਂ ਨੂੰ ਕੰਬ ਗਈ ਲੋਕਾਈ,
ਭੁੱਬਾਂ ਮਾਰ ਕੰਧ ਰੋ ਪਈ,
ਜੋੜੀ ਲਾਲਾਂ ਦੀ ਜਾ ਨੀਂਹਾਂ ਚ ਖਲੋਈ
ਇੱਟ ਉੱਤੇ ਇੱਟ ਸੀ, ਜ਼ਲਾਦ ਜਦੋਂ ਧਰਦੇ,
ਛਿੱਲ੍ਹ-ਛਿੱਲ੍ਹ ਗੋਡੇ,ਕੰਧ ਗੁਣੀਏ ਚ ਕਰਦੇ,
ਚਿਣੇ ਨੀਂਹਾਂ ਚ ਮਾਸੂਮ, ਪਾਣੀ ਹੋ ਗਿਆ ਏ ਖੂਨ
ਕਿਤੇ ਪਾਪੀਓ ਮਿਲੂ ਨਾ ਕੋਈ ਢੋਈ
ਧਾਹਾਂ ਮਾਰ ਕੰਧ ਰੋ ਪਈ,
ਜੋੜੀ ਲਾਲਾਂ ਦੀ ਜਾ ਨੀਂਹਾਂ ਚ ਖਲੋਈ,
ਖੇਡਣ ਦੀ ਉਮਰੇ ਤਸੀਹੇ ਹੱਸ ਝੱਲ ਗਏ,
ਜ਼ੁਲਮਾਂ ਦੀ ਵੱਗਦੀ ਹਨੇਰੀ ਪ੍ਰਿੰਸ ਠੱਲ੍ਹ ਗਏ,
ਨਿੱਕੇ-ਨਿੱਕੇ ਫਰਜ਼ੰਦ, (ਕਰ) ਕੀਤੀ ਫ਼ਤਿਹ ਸਰਹੰਦ,
ਫ਼ਤਿਹ ਦਾਦੀ ਤਾਈਂ ਆਖ਼ਰੀ ਬੁਲਾਈ,
ਧਾਹਾਂ ਮਾਰ ਕੰਧ ਰੋ ਪਈ,
ਜੋੜੀ ਲਾਲਾਂ ਦੀ ਜਾ ਨੀਂਹਾਂ ਚ ਖਲੋਈ,
ਭੁੱਬਾਂ ਮਾਰ ਕੰਧ ਰੋ ਪਈ।

## ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ




ਵਰਲਡ ਪੰਜਾਬੀ ਟਾਈਮਜ਼
ਦੀਪ ਸਿੰਘ

ਵਿਸਰ ਗਿਆ ਛੱਟਣਾ ਕੱਤਣਾ ਕਸੀਦਾ
ਨਸ਼ੇ ਵਿਦੇਸ਼ ਜਵਾਨੀ ਖਾ ਗਏ
ਵਿਦੇਸ਼ੀ ਕੱਪੜੇ ਕਰੋਕਰੀ ਰੀਲਾ ਵਾਲ਼ਾ ਕੰਜਰਖਾਨਾ
ਰਕਾਨੀ ਖਾ ਗਏ।
ਹੁਣ ਗੁੱਤੀਂ ਪਰਾਂਦੇ ਕੌਣ ਗੁੰਦੇ
ਸੈਲੂਨ ਪਾਰਲਰ ਰੂਪ ਰੂਹਾਨੀ ਖਾ ਗਏ।
ਖਾਂਦੇ ਜਾਂਦੇ ਸੱਭਿਆਚਾਰ ਮੇਰਾ
ਜਲਦ ਰੋਕੋ ਪੱਛਮ ਦੇ ਨੰਗੇਜੀ਼ ਸੈਲਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਸਤਲੁਜ ਵੀ ਜਾਪੇ ਸ਼ਰਾਰਤ ਭੁੱਲਿਆ
ਉਦਾਸ-ਉਦਾਸ ਜਿਹਾ ਵਹਿੰਦਾ ਜਾਂਦਾ।
ਰੋਂਦਾ ਤੇ ਸਮਝਾਉਂਦਾ
ਬਸ ਇਹੋ ਕਹਿੰਦਾ ਜਾਂਦਾ।
ਓਏ ਸਾਂਭ ਸਰਦਾਰੀ ਗੱਭਰੂਆ
ਕਿਉਂ ਦਿਲਾਂ ਤੋਂ ਲਹਿੰਦਾ ਜਾਂਦਾ।
ਡਿਕ ਡੋਲੇ ਜੇ ਖਾਂਦਾ ਜਾਪੇ
ਧੌੜੀ ਜੁੱਤੀ ਮੜਕ ਤੋਰ ਭੁੱਲੀ ਨਵਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਨੂਰ ਚਿਹਰੇ ਦਾ ਸਮੈਕ ਪੀ ਗਈ
ਮੁੱਖ ਸੋਹਣੇ ਤੋਂ ਲਾਲੀ ਉੱਡੀ।
ਡੱਕ – ਡੱਕ ਹਿੱਲਣ ਤੁਰਿਆ ਨਾ ਜਾਵੇ
ਸਾਹ ਚੜ੍ਹ ਜਾਂਦਾ ਕਿਥੋਂ ਪਾਵਣ ਲੁੱਡੀ।
ਪੱਬ ਕਲੱਬਾਂ ਦੀ ਅਯਾਸ਼ੀ ਨੇ
ਕਰ ਦਿੱਤੀ ਦੇਸ਼ ਦੀ ਜਵਾਨੀ ਬੁੱਢੀ।
ਜਮਾਂ ਧੁਆਂਖ ਗਿਐਂ,ਪੈ ਗਈ ਹੋਵੇ ਜਿਵੇਂ ਕੰਗਿਆਰੀ ਸੂਹੇ
ਗੁਲਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਡੱਕ ਡੱਕ ਨੇ ਹਿੱਲਦੇ ਜੁੱਸੇ
ਦੁੱਧ ਮੱਖਣਾਂ ਨਾਲ ਪਾਲ਼ੇ ਪੁੱਤ ਮਾਵਾਂ ਦੇ।
ਰੀਝਾਂ ਜਿਨ੍ਹਾਂ ਦੀਆਂ ਪੁਗਾਉਂਦੇ- 2
ਸਭ ਹਾਸੇ ਮੁੱਕ ਗਏ ਚਾਵਾਂ ਦੇ।
ਜੱਗੋ ਜਿਉਣੇ ਦੀਆਂ ਸੁਣੀਦੀਆਂ ਸੀ
ਮਿਸਾਲਾਂ ਜਿੱਥੇ, ਹੁਣ ਉਥੇ
ਬਸ ਗੱਭਰੂ ਰਹਿ ਗਏ ਨਾਵਾਂ ਦੇ।
ਉਪਰੋਂ ਇਹ ਗਾਇਕ ਜਿਹੇ ਚੰਦਰੇ
ਅੰਮ੍ਰਿਤ ਹੀ ਦੱਸਦੇ ਜ਼ਹਿਰ ਸ਼ਰਾਬ ਨੂੰ
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਆਵੋ ਕੇ ਕੋਈ ਵਾਰੋ ਮਿਰਚਾਂ
ਆਵੋ ਕੇ ਕੋਈ ਲਾਹੋ ਢਾਲ਼ਾ।
ਜਲਦ ਕਰੋ ਕੋਈ ਹੀਲਾ ਯਾਰੋ
ਪਹਿਲਾਂ ਹੀ ਨੁਕਸਾਨ ਹੋ ਗਿਆ ਵਾਲ਼ਾ।
ਜਾਓ ਨਜੂਮੀਏ ਨੂੰ ਹੱਥ ਦਿਖਾਓ
ਜਾ ਕੇ ਕੋਈ ਮੰਤਰ ਪੜ੍ਹਾਓ
ਲਗਾ ਦਿਓ ਇੱਕ ਟਿੱਕਾ ਕਾਲ਼ਾ।
ਵੱਜ ਗਈ ਕੋਈ ਚੰਦਰੀ ਵਾ
ਸੋਹਣੇ ਨਵਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਦੁਸ਼ਮਣ ਜੋ ਦੋਸਤੀ ਦਾ ਮਖੌਟਾ ਚਾੜ ਬੈਠੇ।
ਕਦੋਂ ਕੁ ਬੇੜੀ ਡੋਬ ਦੇਈਏ
ਬਸ ਇਸੇ ਗੱਲ ਦੀ ਤਾੜ ਬੈਠੇ।
ਮੂੰਹ ਤੇ ਬਣ ਬਣ ਮਿਆਂ ਮਿੱਠੂ
ਦਿਲ ਵਿੱਚ ਰੱਖ ਕੇ ਸਾੜ ਬੈਠੇ।
ਬਿਠਾ ਤਖ਼ਤਾਂ ਤੇ ਦੋਗਲਿਆਂ ਤਾਈਂ
ਅਸੀਂ ਆਪੇ ਆਪਣਾ ਆਪ ਉਜਾੜ ਬੈਠੇ।
ਆਵੋ ਯਾਰੋ ਕਿ ਰਲ਼ ਉਤਾਰੀਏ
ਇਹਨਾਂ ਦੇ ਚਿਹਰਿਆਂ ਤੋਂ ਨਕਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਉੱਠ ਪੰਜਾਬੀਆ, ਜਾਗ ਪੰਜਾਬੀਆ।
ਘਿਉ ਮੱਖਣ ਖਾ ਤਕੜਾ ਹੋ ਜਾ
ਦੁੱਧ ਨੂੰ ਲਾ ਦੇ ਜਾਗ ਪੰਜਾਬੀਆ।
ਮਸਲ਼ ਸੁੱਟ ਥੱਲੇ ਲਾਹ ਕੇ
ਸਿਰ ਤੇਰੇ 'ਤੇ ਚੜ ਬੈਠੇ ਨਾਗ ਪੰਜਾਬੀਆ।
ਤੇਰੀ ਅਣਖ ਆਬਰੂ ਤੇ ਅੱਖ ਰੱਖੀ ਬੈਠੇ
ਰੱਖੀ ਬੈਠੇ ਨਜ਼ਰ ਘਾਗ ਪੰਜਾਬੀਆ।
ਸੰਭਲ ਜ਼ਰਾ ਹੋਸ਼ ਕਰ
ਇੱਜ਼ਤ ਨੂੰ ਲੱਗੇ ਨਾ ਦਾਗ਼ ਪੰਜਾਬੀਆ।
ਫੇਰ ਨਲੂਆ ਤੇ ਫੂਲਾ ਬਣ ਜਾ
ਕੱਸ ਘੋੜੇ ਕਾਠੀ ਝਾੜ ਰਕਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਇਹ ਦਿਨ ਬਰਬਾਦੀ ਦੇ
ਰੋਕਣਾ ਚਾਹੁੰਦੇ ਹੋ ਜੇ ਆਉਣੋ।
ਲੁੱਚੇ, ਲਫੰਗੇ, ਲਾਲਚੀ ਲੀਡਰਾਂ ਨੂੰ
ਡੱਕਣਾ ਪੈਣਾ ਫੜ੍ਹ ਕੇ ਧੌਣੋ।
ਨੰਗੇਜ਼ ਨਸ਼ੇ ਹਥਿਆਰਾਂ ਦੇ
ਹਟੋ ਬੱਚਿਆਂ ਨੂੰ ਗੀਤ ਸੁਣਾਉਣੋ।
ਹਰ ਵਾਰ ਪੰਜਾਬ ਤੂੰ ਮੋਹਰੀ ਰਹਿਐਂ
ਇਸ ਵਾਰ ਵੀ ਦਾਗ਼ ਨਾ ਲੱਗੇ ਇਨਕਲਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।
ਲੱਗ ਗਈ ਨਜ਼ਰ ਦੇਸ਼ ਪੰਜਾਬ ਨੂੰ।

## ਸਾਈਮਨ ਫਰੇਜ਼ਰ ਯੂਨੀਵਰਸਟੀ ਦੇ ਵਿਦਿਆਰਥੀ ਗੁਰਦੁਆਰਾ ਨਾਨਕ ਨਿਵਾਸ ਵਿਖੇ ਨਤਮਸਤਕ ਹੋਏ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 22 ਦਸੰਬਰ : ਬੀਤੇ ਦਿਨ ਸਾਈਮਨ ਫਰੇਜ਼ਰ ਯੂਨੀਵਰਸਟੀ ਦੇ ਕੁਝ ਵਿਦਿਆਰਥੀ ਆਪਣੇ ਪ੍ਰੋਫੈਸਰ ਡਾਕਟਰ ਜੇਸਨ ਬਰਾਊਨ ਨਾਲ ਗੁਰਦੁਆਰਾ ਨਾਨਕ ਨਿਵਾਸ ਵਿਖੇ ਨਤਮਸਤਕ ਹੋਏ। ਉਹ ਸਿੱਖ ਧਰਮ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਬਾਰੇ ਅਤੇ ਕਲਚਰ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਨ। ਇਹ ਉਹਨਾਂ ਦੇ ਯੂਨੀਵਰਸਟੀ ਕੋਰਸ ਦਾ ਭਾਗ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਜ਼ਲਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਉਹਨਾਂ ਦਾ ਸਵਾਗਤ ਕੀਤਾ ਅਤੇ ਵਿਸਥਾਰ ਨਾਲ ਸਿੱਖ ਧਰਮ ਅਤੇ ਆਪਣੀ ਕਮਿਊਨਿਟੀ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਬਹੁਤ ਹੀ ਢੁਕਵੇਂ ਸਵਾਲ ਪੁੱਛੇ। ਇਸ ਨੇ ਇਕ ਬਹੁਤ ਹੀ ਚੰਗੇ ਵਾਰਤਾਲਾਪ ਦਾ ਰੂਪ ਧਾਰਨ ਕਰ ਲਿਆ। ਇਸ ਉਪਰੰਤ ਉਹਨਾਂ ਸਭ ਨੇ ਗੁਰੂ ਕੇ ਲੰਗਰ ਦਾ ਆਨੰਦ ਮਾਣਿਆ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਬਹੁਤ ਹੀ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ।ਸ. ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਕਿ ਅੱਜ ਕੱਲ੍ਹ ਸੰਸਾਰ ਵਿਚ ਦੇਸ਼ਾਂ ਅਤੇ ਕੌਮਾਂ ਵਿਚ ਝਗੜੇ ਸਮੁੱਚੀ ਮਾਨਵਤਾ ਲਈ ਬਹੁਤ ਚਿੰਤਾਜਨਕ ਹਨ। ਇਹੋ ਜਿਹੇ ਵਾਤਾਵਰਣ ਵਿਚ ਅਮਨ ਜਾਂ ਸ਼ਾਂਤੀ ਲਈ ਕੋਈ ਵੀ ਯਤਨ ਸ਼ਲਾਘਾਯੋਗ ਹੈ । ਇਸ ਸੰਬੰਧ ਵਿਚ ਰਿਚਮੰਡ ਦਾ ਹਾਈਵੇ ਟੂ ਹੈਵਨ (ਸਵਰਗ ਦਾ ਰਾਹ) ਅਮਨ , ਸ਼ਾਂਤੀ ਅਤੇ ਸਾਂਝੀ ਭਾਈਵਾਲਤਾ ਦਾ ਇਕ ਚਾਨਣ ਮਨਾਰਾ ਹੈ। ਇਹ ਰਾਹ ਇਸ ਸ਼ਹਿਰ ਦਾ ਸ਼ਿੰਗਾਰ ਹੀ ਨਹੀਂ ਬਲਕਿ ਦੂਸਰਿਆਂ ਲਈ ਵੀ ਇਕ ਸੋਹਣਾ ਮਾਡਲ ਹੈ। ਰਿਚਮੰਡ ਦੇ ਇਸ ਨੰਬਰ ਪੰਜ ਰੋਡ ਉਪਰ ਗੁਰਦੁਆਰਾ ਨਾਨਕ ਨਿਵਾਸ ਸਭ ਤੋਂ ਪਹਿਲਾਂ ਬਣਨ ਵਾਲਾ ਧਾਰਮਿਕ ਅਸਥਾਨ ਹੈ। ਅੱਜ ਇਸ ਰੋਡ ਉਪਰ 25 ਦੇ ਕਰੀਬ ਵੱਖਰੇ ਵੱਖਰੇ ਧਰਮਾਂ ਦੇ ਅਸਥਾਨ ਅਤੇ ਧਾਰਮਿਕ ਸਕੂਲ ਹਨ। ਇਹ ਸਭ ਇਸ ਸ਼ਹਿਰ ਦਾ ਮਾਣ ਵਧਾ ਰਹੇ ਹਨ।

ਇਸ ਰਾਹ ਉਪਰ ਗੁਰਦੁਆਰੇ ਤੋਂ ਬਿਨਾਂ ਇਕ ਮਸਜਦ, ਦੋ ਹਿੰਦੂ ਮੰਦਰ, ਦੋ ਬੋਧੀ ਮੰਦਰ ਅਤੇ ਇਸਾਈ ਧਰਮ ਦੇ ਕਾਫੀ ਚਰਚ ਅਤੇ ਧਾਰਮਿਕ ਸਕੂਲ ਹਨ। ਇਹਨਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਅਤੇ ਵੱਖਰੇ ਵੱਖਰੇ ਧਰਮਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਦੇ ਵਿਦਿਆਰਥੀ ਅਤੇ ਹੋਰ ਸੱਜਣ ਲਗਾਤਾਰ ਆਉਂਦੇ ਰਹਿੰਦੇ ਹਨ। ਇਸ ਸਿਲਸਿਲੇ ਵਿਚ ਗੁਰਦੁਆਰਾ ਨਾਨਕ ਨਿਵਾਸ ਬਹੁਤ ਚੰਗੀ ਭੂਮਿਕਾ ਨਿਭਾ ਰਿਹਾ ਹੈ।

## ਪਰਿਵਾਰ ਦਾਨੀ ਬਾਬਾ ਮੋਤੀ ਰਾਮ ਮਹਿਰਾ ਜੀ



ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਜਦੋਂ ਦਸਵੇਂ ਗੁਰੂ ਜੀ ਨੇ ਸਿੰਘਾਂ ਤੇ ਪਰਿਵਾਰ ਸਮੇਤ ਛੱਡਿਆ ਅਨੰਦਪੁਰ ਸਾਹਿਬ ਦਾ ਕਿਲ੍ਹਾ,
ਤਾਂ ਪਿੱਛੋਂ ਉਨ੍ਹਾਂ ਤੇ ਹਮਲਾ ਕਰ ਦਿੱਤਾ ਪਹਾੜੀ ਰਾਜਿਆਂ ਤੇ ਮੁਗਲਾਂ ਨੇ ਕਸਮਾਂ ਭੁਲਾ।
ਸਰਸਾ ਨਦੀ ਪਾਰ ਕਰਦਿਆਂ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਗੁਰੂ ਜੀ ਤੋਂ ਵਿੱਛੜ ਗਏ।
ਉਹ ਠੰਢੀ ਰਾਤ ਵਿੱਚ ਸਤਲੁਜ ਦਰਿਆ ਦੇ ਕੰਢੇ ਕੀਮੇ ਮਲਾਹ ਕੋਲ ਪਹੁੰਚ ਗਏ।
ਉਨ੍ਹਾਂ ਨੇ ਉਸ ਕੋਲ ਦੋ ਰਾਤਾਂ ਗੁਜ਼ਾਰ ਕੇ ਚਾਲੇ ਪਾ ਦਿੱਤੇ ਅੱਗੇ ਵੱਲ।
ਉਨ੍ਹਾਂ ਨੂੰ ਗੁਰੂ ਘਰ ਦਾ ਪੁਰਾਣਾ ਰਸੋਈਆ ਗੰਗੂ ਮਿਲ ਗਿਆ ਰਸਤੇ ਵਿੱਚ।
ਉਨ੍ਹਾਂ ਨੂੰ ਮੋਰਿੰਡੇ ਥਾਣੇ ਵਿੱਚ ਗ੍ਰਿਫ਼ਤਾਰ ਕਰਵਾ ਦਿੱਤਾ ਉਸ ਨੇ ਹੋ ਕੇ ਲਾਲਚ ਵੱਸ।
ਫੇਰ ਉੱਥੋਂ ਉਨ੍ਹਾਂ ਨੂੰ ਸੂਬਾ ਸਰਹਿੰਦ ਨੇ ਠੰਢੇ ਬੁਰਜ ਵਿੱਚ ਕਰਾ ਦਿੱਤਾ ਕੈਦ।
ਉਸ ਵੇਲੇ ਬਾਬਾ ਮੋਤੀ ਰਾਮ ਮਹਿਰਾ ਲੱਗਾ ਹੋਇਆ ਸੀ
ਉਸ ਦੇ ਰਸੋਈਖਾਨੇ ਵਿੱਚ।
ਉਹ ਕੈਦੀਆਂ ਤੇ ਹਿੰਦੂ ਸਿਪਾਹੀਆਂ ਲਈ ਕਰਦਾ ਸੀ ਖਾਣਾ ਤਿਆਰ।
ਉਹ ਉਨ੍ਹਾਂ ਲਈ ਖਾਣਾ ਲੈ ਕੇ ਪਹੁੰਚਿਆ ਠੰਢੇ ਬੁਰਜ ਵਿੱਚ ਬੜੀ ਸ਼ਰਧਾ ਨਾਲ।
ਪਰ ਮਾਤਾ ਜੀ ਨੇ ਇਹ ਕਹਿ ਕੇ ਖਾਣਾ ਖਾਣ ਤੋਂ ਕਰ ਦਿੱਤਾ ਇਨਕਾਰ,
" ਸਾਨੂੰ ਮੁਗਲਾਂ ਦੀ ਰਸੋਈ ਵਿੱਚ ਲੁੱਟੇ ਧਨ ਨਾਲ ਬਣਿਆ ਖਾਣਾ ਨਹੀਂ ਸਵੀਕਾਰ।"
ਉਸ ਨੇ ਘਰ ਆ ਕੇ ਆਪਣੀ ਬਿਰਧ ਮਾਤਾ ਤੇ ਪਤਨੀ ਨੂੰ ਦੱਸੀ ਸਾਰੀ ਗੱਲ।
ਸਾਰੇ ਪਰਿਵਾਰ ਨੇ ਬੈਠ ਕੇ ਸੋਚ ਲਿਆ ਇਸ ਮਸਲੇ ਦਾ ਹੱਲ।
ਉਹ ਉਨ੍ਹਾਂ ਲਈ ਗਰਮ ਦੁੱਧ ਲੈ ਕੇ ਠੰਢੇ ਬੁਰਜ 'ਚ ਪਹੁੰਚ ਗਿਆ।
ਉਸ ਨੇ ਉਨ੍ਹਾਂ ਨੂੰ ਬੜੀ ਸ਼ਰਧਾ ਨਾਲ ਇਹ ਗਰਮ ਦੁੱਧ ਪਿਲਾਇਆ।
ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪਿੱਛੋਂ ਉਹ ਆਇਆ ਦੀਵਾਨ ਟੋਡਰ ਮੱਲ ਪਾਸ।
ਅੱਤੇ ਲੱਕੜਹਾਰੇ ਤੋਂ ਚੰਦਨ ਦੀ ਲੱਕੜੀ ਖਰੀਦੀ ਕਰਕੇ ਸਲਾਹ ਉਸ ਨਾਲ।
ਦੀਵਾਨ ਟੋਡਰ ਮੱਲ ਦੁਆਰਾ ਮੋਹਰਾਂ ਖੜ੍ਹੀਆਂ ਕਰਕੇ ਖਰੀਦੀ ਜ਼ਮੀਨ ਉੱਤੇ।
ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਕੀਤਾ ਸਸਕਾਰ ਹੱਥੀਂ ਅੰਗੀਠੀ ਤਿਆਰ ਕਰਕੇ।
ਉਸ ਦੇ ਨਾਲ ਰਸੋਈਖਾਨੇ ਵਿੱਚ ਲੱਗਾ ਹੋਇਆ ਸੀ ਗੰਗੂ ਦਾ ਭਰਾ ਪੰਮਾ।
ਉਹ ਵਜ਼ੀਰ ਖਾਂ ਕੋਲ ਬਾਬਾ ਜੀ ਦੀ ਚੁਗਲੀ ਕਰ ਆਇਆ ਨਿਕੰਮਾ।
ਵਜ਼ੀਰ ਖਾਂ ਨੇ ਬਾਬਾ ਜੀ ਨੂੰ ਪਰਿਵਾਰ ਸਮੇਤ ਕੋਹਲੂ 'ਚ
ਪੀੜਨ ਦੀ ਸਜ਼ਾ ਸੁਣਾਈ।
ਏਨੀ ਸਖਤ ਸਜ਼ਾ ਸੁਣ ਕੇ ਬਾਬਾ ਜੀ ਦੇ ਚਿਹਰੇ ਤੇ ਰਤਾ ਨਾ ਉਦਾਸੀ ਛਾਈ।
ਵਜ਼ੀਰ ਖਾਂ ਦਾ ਹੁਕਮ ਸੁਣ ਕੇ ਜੱਲਾਦਾਂ ਨੇ ਰਤਾ ਦੇਰ ਨਾ ਲਾਈ।
ਸਭ ਤੋਂ ਪਹਿਲਾਂ ਬਾਬਾ ਜੀ ਦੇ ਸੱਤ ਸਾਲਾ ਬੱਚੇ ਦੀ ਵਾਰੀ ਆਈ।
ਉਨ੍ਹਾਂ ਕੋੜੇ ਮਾਰ ਕੇ ਉਸ ਨੂੰ ਕਰਕੇ ਅੱਧਮੋਇਆ ਕੋਹਲੂ 'ਚ ਪਾ ਪੀੜ ਦਿੱਤਾ।
ਫਿਰ ਬਾਬਾ ਜੀ ਦੀ ਬਿਰਧ ਮਾਤਾ ਤੇ ਪਤਨੀ ਨੂੰ ਕੋਹਲੂ 'ਚ ਪਾ ਕੇ ਪੀੜ ਦਿੱਤਾ।
ਵਜ਼ੀਰ ਖਾਂ ਨੇ ਬਾਬਾ ਜੀ ਨੂੰ ਆਖਿਆ," ਮੋਤੀ ਰਾਮ, ਹੁਣ ਵੀ ਹੈ ਵੇਲਾ।
ਇਸਲਾਮ ਧਾਰਨ ਕਰ ਲੈ, ਜੇ ਵੇਖਣਾ ਚਾਹੁੰਨਾ ਤੂੰ ਦੁਨੀਆਂ ਦਾ ਮੇਲਾ।"
ਬਾਬਾ ਜੀ ਨੇ ਆਖਿਆ," ਮੈਂ ਧਰਮ ਤੇ ਗੁਰੂ ਤੋਂ ਬੇਮੁੱਖ ਨ੍ਹੀ ਹੋਣਾ।
ਤੂੰ ਮੇਰਾ ਸਾਰਾ ਪਰਿਵਾਰ ਮਾਰ ਦਿੱਤਾ ਆ, ਹੁਣ ਮੈਂ ਜੀ ਕੇ ਕੀ ਲੈਣਾ?"
ਅਖੀਰ ਬਾਬਾ ਜੀ ਨੂੰ ਕੋਹਲੂ ਵਿੱਚ ਪੀੜਨ ਦਾ ਹੁਕਮ ਹੋ ਗਿਆ।
ਏਦਾਂ ਪਰਿਵਾਰ ਦਾਨੀ ਸਿੱਖ ਨੇ ਸ਼ਹਾਦਤ ਦਿੱਤੀ ਤੇ ਅਮਰ ਹੋ ਗਿਆ।